# ਅਸੀਂ ਇੱਕ ਨਵੇਂ ਇਲੈਕਟ੍ਰਾਨਿਕ ਹੈਲਥ ਰਿਕਾਰਡ ਸਿਸਟਮ ਵਿੱਚ ਤਬਦੀਲ ਹੋ ਰਹੇ ਹਾਂ

5 ਨਵੰਬਰ, 2022 ਤੋਂ ਸ਼ੁਰੂ ਕਰਦੇ ਹੋਏ, ਵੈਨਕੂਵਰ ਜਨਰਲ ਹੋਸਪਿਟਲ ਦੇਖਭਾਲ ਦੀ ਸੁਰੱਖਿਆ, ਗੁਣਵੱਤਾ ਅਤੇ ਇਕਸਾਰਤਾ ਨੂੰ ਵਧਾਉਣ ਲਈ ਪੁਰਾਣੇ ਸਿਸਟਮਾਂ ਅਤੇ ਕਾਗਜ਼-ਅਧਾਰਿਤ ਚਾਰਟਾਂ ਤੋਂ ਇੱਕ ਇਲੈਕਟ੍ਰਾਨਿਕ ਹੈਲਥ ਰਿਕਾਰਡ ਸਿਸਟਮ ਵਿੱਚ ਤਬਦੀਲ ਹੋ ਜਾਵੇਗਾ।

ਜਿਸ ਦੌਰਾਨ ਸਟਾਫ਼ ਨਵੀਂ ਪ੍ਰਣਾਲੀ ਦੀ ਵਰਤੋਂ ਕਰਨ ਵਿੱਚ ਤਬਦੀਲ ਹੋ ਰਿਹਾ ਹੈ, ਅਸੀਂ ਗੰਭੀਰ COVID-19 ਪ੍ਰਤਿਕਿਰਿਆ ਲੋੜਾਂ ਨਾਲ ਨਿਪਟ ਰਹੇ ਹਾਂ।



**ਸਾਡਾ ਧਿਆਨ ਤੁਹਾਨੂੰ ਮਿਆਰੀ ਦੇਖਭਾਲ ਮੁਹੱਈਆ ਕਰਨ 'ਤੇ ਬਣਿਆ ਰਹੇਗਾ।**
**COVID-19 ਦੇ ਕਾਰਨ ਵਾਧੂ ਸਿਹਤ ਅਤੇ ਸੁਰੱਖਿਆ ਉਪਾਅ ਜਾਰੀ ਹਨ।**



## ਜੇਕਰ ਤੁਸੀਂ ਨਵੰਬਰ 2022 ਤੋਂ ਜਨਵਰੀ 2023 ਵਿਚਕਾਰ ਹਸਪਤਾਲ ਆ ਰਹੇ ਹੋ:

- ਜਿਸ ਦੌਰਾਨ ਅਸੀਂ ਨਵੀਂ ਪ੍ਰਣਾਲੀ ਦੀ ਆਦਤ ਪਾ ਰਹੇ ਹਾਂ ਤੁਹਾਨੂੰ ਸੇਵਾਵਾਂ ਵਿੱਚ ਦੇਰੀ ਦਾ ਅਨੁਭਵ ਹੋ ਸਕਦਾ ਹੈ
- ਰਜਿਸਟ੍ਰੇਸ਼ਨ ਲਈ ਵਾਧੂ ਸਮਾਂ ਦੇਣ ਵਾਸਤੇ ਕਿਰਪਾ ਕਰਕੇ ਆਪਣੀ ਅਪਾਇੰਟਮੈਂਟ ਲਈ ਜਲਦੀ ਪਹੁੰਚੋ
- ਇਸ ਸਮੇਂ ਦੌਰਾਨ ਤੁਹਾਡੇ ਸਬਰ ਲਈ ਤੁਹਾਡਾ ਧੰਨਵਾਦ

## ਕੁਝ ਤਬਦੀਲੀਆਂ ਜੋ ਸ਼ਾਇਦ ਤੁਸੀਂ ਦੇਖ ਸਕਦੇ ਹੋ:

- ਨਵੀਂ ਪ੍ਰਣਾਲੀ ਨੂੰ ਸਿੱਖਣ ਲਈ ਦੇਖਭਾਲ ਪ੍ਰਦਾਤਾਵਾਂ ਦੀ ਸਿਖਲਾਈ
- ਯੂਨਿਟ ਵਿੱਚ ਨਵੇਂ ਉਪਕਰਣ, ਜਿਵੇਂ ਕਿ ਪਹੀਆਂ ਵਾਲੇ ਕੰਪਿਊਟਰ
- ਸਾਈਟ 'ਤੇ ਵਾਧੂ ਸਹਾਇਕ ਸਟਾਫ਼



## ਨਵੀਂ ਪ੍ਰਣਾਲੀ ਦੇ ਸੰਭਾਵੀ ਲਾਭ:

- ਦੇਖਭਾਲ ਕਰਨ ਵਾਲੀਆਂ ਟੀਮਾਂ ਕੋਲ ਉਹਨਾਂ ਲਈ ਲੋੜੀਂਦੀ ਜਾਣਕਾਰੀ ਤੱਕ ਸਿੱਧੀ ਪਹੁੰਚ ਹੋਵੇਗੀ
- ਜਾਣਕਾਰੀ ਨੂੰ ਦੁਹਰਾਉਣ ਜਾਂ ਡੁਪਲੀਕੇਟ ਟੈਸਟ ਕਰਵਾਉਣ ਵਿੱਚ ਲੱਗਣ ਵਾਲਾ ਸਮਾਂ ਬਚੇਗਾ
- ਸੁਰੱਖਿਅਤ ਦਵਾਈ ਪ੍ਰਬੰਧਨ ਪ੍ਰਕਿਰਿਆ
- ਲੈਬ ਦੇ ਨਤੀਜਿਆਂ ਅਤੇ ਦਵਾਈਆਂ ਦੇ ਉਪਚਾਰਾਂ ਤੱਕ ਜਲਦ ਪਹੁੰਚ



ਹੋਰ ਭਾਸ਼ਾਵਾਂ ਵਿੱਚ ਜਾਣਕਾਰੀ ਸਮੇਤ, ਨਵੀਂ ਪ੍ਰਣਾਲੀ ਬਾਰੇ ਹੋਰ ਜਾਣਨ ਲਈ, ਆਪਣੇ ਦੇਖਭਾਲ ਪ੍ਰਦਾਤਾ ਨੂੰ ਪੁੱਛੋ ਜਾਂ bit.ly/VCH-CST 'ਤੇ ਜਾਓ।

ਅਰਬੀ | ਸਰਲੀਕ੍ਰਿਤ ਚੀਨੀ | ਪਰੰਪਰਾਗਤ ਚੀਨੀ | ਫਾਰਸੀ | ਕੋਰੀਆਈ | ਸਪੈਨਿਸ਼ | ਟੈਗਾਲੋਗ | ਵੀਅਤਨਾਮੀ

ਕਲੀਨਿਕਲ ਐਂਡ ਸਿਸਟਮ ਟ੍ਰਾਂਸਫੋਰਮੇਸ਼ਨ (Clinical & Systems Transformation) (CST) ਪ੍ਰੋਜੈਕਟ ਸਿਹਤ ਸੰਭਾਲ ਪ੍ਰਣਾਲੀਆਂ ਅਤੇ ਪ੍ਰਕਿਰਿਆਵਾਂ ਵਿੱਚ ਤਬਦੀਲੀ ਕਰੇਗਾ ਤਾਂ ਜੋ ਵੈਨਕੂਵਰ ਕੋਸਟਲ ਹੈਲਥ (Vancouver Coastal Health), ਪ੍ਰੋਵਿੰਸ਼ੀਅਲ ਹੈਲਥ ਸਰਵਿਸਿਜ਼ ਅਥਾਰਿਟੀ (Provincial Health Services Authority) ਅਤੇ ਪ੍ਰੋਵੀਡੈਂਸ ਹੈਲਥ ਕੇਅਰ (Providence Health Care) ਵਿੱਚ ਮਰੀਜ਼ਾਂ ਦੀ ਦੇਖਭਾਲ ਦੀ ਸੁਰੱਖਿਆ, ਗੁਣਵੱਤਾ ਅਤੇ ਇਕਸਾਰਤਾ ਵਿੱਚ ਸੁਧਾਰ ਕੀਤਾ ਜਾ ਸਕੇ।

CLINICAL + SYSTEMS TRANSFORMATION
Our path to smarter, seamless care

Vancouver CoastalHealth

VCH064A (09/22)